ਲੀਡਜ਼ ਈਸਟ ਹੋਮਜ਼

ਲੀਡਜ਼ ਨਾਰਥ ਈਸਟ ਹੋਮਜ਼

ਲੀਡਜ਼ ਨਾਰਥ ਵੈੱਸਟ ਹੋਮਜ਼

ਲੀਡਜ਼ ਸਾਊਥ ਹੋਮਜ਼

ਲੀਡਜ਼ ਸਾਊਥ ਈਸਟ ਹੋਮਜ਼

ਲੀਡਜ਼ ਵੈੱਸਟ ਹੋਮਜ਼

*ਦੀ ਐਲਮੋਜ਼ ਲਿਮਟਿਡ ਕੰਪਨੀਆਂ ਹਨ ਜਿਨ੍ਹਾਂ ਦਾ ਪੂਰੀ ਤਰ੍ਹਾਂ ਮਾਲਕ ਲੀਡਜ਼ ਸਿਟੀ ਕੌਂਸਲ ਹੈ*

Leeds CITY COUNCIL

# <u>ਤੁਹਾਡੀ ਇੰਟਰੋਡਕਟਰੀ ਟੈਨੈਂਸੀ</u> ਵਿਚ ਸਵਾਗਤ ਹੈ ਲੀਡਜ਼ ਸਿਟੀ ਕੌਂਸਲ ਦੇ ਕਿਰਾਏਦਾਰਾਂ ਲਈ ਨਵੀਂ ਰਹਿਨੁਮਾਈ





এই নিবন্ধপত্রে লেখা বিষয়বস্তুর উপর আপনার যদি কোন ব্যাখ্যার প্রয়োজন হয় তবে দয়া করে আপনার নিকটস্থ নেবারহুড হাউজিং অফিসে (ঠিকানার জন্য রেন্ট কার্ড দেখুন) যোগাযোগ করুন।

如果您要詳細了解這單張的內容，請聯絡您本區的鄰舍房屋協會辦事處。（參閱租咭）

اگر آپ کتابچے
کے اندر دی ہوئی معلومات
کی تفصیل چاہتے ہیں
تو براے مہربانی
اپنی نیبرہڈ ہاؤسنگ آفس
(مقامی ہاؤسنگ کا دفتر)
سے رابطہ قائم کیجیے
(رینٹ کارڈ یعنی کرایہ ادا کرنے کا کارڈ دیکھیے)۔

ਜੇ ਤੁਹਾਨੂੰ ਇਸ ਪਰਚੇ ਦੇ ਮਸੌਦੇ ਬਾਰੇ ਕੋਈ ਵਿਸਥਾਰ ਚਾਹੀਦਾ ਹੋਵੇ, ਤਾਂ ਕਿਰਪਾ ਕਰਕੇ ਆਪਣੇ ਸਥਾਨਕ ਨੇਬਰਹੁੱਡ ਹਾਊਸਿੰਗ ਦਫਤਰ ਨਾਲ ਸੰਪਰਕ ਪੈਦਾ ਕਰੋ। (ਰੈਂਟ ਕਾਰਡ ਵੇਖੋ)

## ਸਲਾਹ

ਜੇਕਰ ਤੁਸੀਂ ਇਸ ਬਾਰੇ ਡਿਪਾਰਟਮੈਂਟ ਆਫ ਨੇਬਰਹੁੱਡਜ਼ ਅਤੇ ਹਾਊਜ਼ਿੰਗ ਨਾਲ ਗੱਲ ਬਾਤ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਨੇਬਰਹੁੱਡ ਹਾਊਜ਼ਿੰਗ ਆਫਿਸ ਜਾਂ ਹਾਊਜ਼ਿੰਗ ਐਡਵਾਈਸ ਸੈਂਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਇਸ ਐਗਰੀਮੈਂਟ ਦੇ ਤਰਜਮੇ ਦੀ ਟੇਪ ਥੱਲੇ ਦਿਤੀਆਂ ਹੋਈਆਂ ਜ਼ਬਾਨਾਂ ਵਿਚ ਉਪਲਬਧ ਹੈ

**ਬੰਗਾਲੀ** **ਕੈਂਟੋਨੀਜ਼** **ਪੰਜਾਬੀ** **ਉਰਦੂ**

ਬੇਨਤੀ ਕਰਨ ਤੇ ਇਸ ਨੂੰ ਵੱਡੀ ਛਪਾਈ, ਬਰੇਲ ਅਤੇ ਹੋਰ ਕਮਿਊਨਿਟੀ ਜ਼ਬਾਨਾਂ ਵਿਚ ਉਪਲਬਧ ਕਰਵਾਇਆ ਜਾ ਸਕਦਾ ਹੈ।

## ਸਹਾਇਤਾ ਲਈ ਹਾਂ

ਇਹ (ਲੀਫਲੈੱਟ) ਪਰਚਾ ਦਸਦਾ ਹੈ ਕਿ ਜੇਕਰ ਤੁਹਾਡੀ ਇੰਟਰੋਡਕਟਰੀ ਟੈਨੈਂਸੀ (ਆਰੰਭਕ ਕਿਰਾਏਦਾਰੀ) ਨਾਲ ਕੋਈ ਸਮਸਿਆਵਾਂ ਹਨ ਤਾਂ ਫਿਰ ਕੀ ਹੁੰਦਾ ਹੈ। ਇਹ ਲੀਫਲੈੱਟ ਤੁਹਾਨੂੰ ਇਹ ਗੱਲ ਵਿਖਾਉਣ ਲਈ ਹੈ ਕਿ ਅਸੀਂ ਕਿਰਾਇਆ ਇਕੱਠਾ ਕਰਨ ਅਤੇ ਲੋਕਾਂ ਨੂੰ ਸਮਾਜ–ਵਰੋਧੀ ਵਿਹਾਰ ਤੋਂ ਬਚਾਉਣ ਲਈ ਗੰਭੀਰ ਹਾਂ। ਅਸੀਂ ਇਸ ਤੱਥ ਦੀ ਪ੍ਰਸ਼ੰਸਾ ਕਰਦੇ ਹਾਂ ਕਿ ਇੰਟਰੋਡਕਟਰੀ ਟੈਨੈਂਟਸ ਦੀ ਬਹੁਤ ਜ਼ਿਆਦਾ ਬਹੁਗਿਣਤੀ ਬਹੁਤ ਜ਼ਿਆਦਾ ਜ਼ਿੰਮੇਵਾਰ ਹੈ ਅਤੇ ਉਹ ਬਗੈਰ ਕਠਿਨਾਈਆਂ ਦੇ ਸੈਕਿਓਰ ਸੁਰੱਖਿਅਤ) ਟੈਨੈਂਟਸ ਬਣ ਜਾਂਦੇ ਹਨ।



ਅਤੇ ਬੇਸ਼ਕ, ਇੰਟਰੋਡਕਟਰੀ ਟੈਨੈਂਟ ਦੇ ਤੌਰ ਤੇ ਤੁਹਾਨੂੰ ਉੱਨੀ ਹੀ ਪ੍ਰੋਟੈਕਸ਼ਨ (ਸੁਰੱਖਿਆ) ਮਿਲਦੀ ਹੈ ਜਿੰਨੀ ਸੈਕਿਓਰ ਟੈਨੈਂਟਾਂ ਨੂੰ ਮਿਲਦੀ ਹੈ। ਜੇਕਰ ਅਜ਼ਮਾਇਸ਼ ਵਾਲੇ ਸਮੇਂ ਦੌਰਾਨ ਤੁਸੀਂ ਕਿਸੇ ਹੋਰ ਦੇ ਮਾੜੇ ਵਿਹਾਰ ਤੋਂ ਪੀੜਿਤ ਹੋ ਤਾਂ ਅਸੀਂ ਤੁਹਾਡੀ ਸਹਾਇਤਾ ਬਿਲਕੁਲ ਉਸੇ ਤਰ੍ਹਾਂ ਹੀ ਕਰਾਂਗੇ ਜਿਵੇਂ ਕਿ ਤੁਸੀਂ ਸਾਰੀ ਉਮਰ ਕਿਸੇ ਕੌਂਸਲ ਹਾਊਸ ਵਿਚ ਰਹਿੰਦੇ ਰਹੇ ਹੋਵੋ।

ਜੇਕਰ ਤੁਹਾਨੂੰ ਆਪਣੀ ਟੈਨੈਂਸੀ ਜਾਂ ਹਾਊਜ਼ਿੰਗ ਸਰਵਿਸ ਦੇ ਕਿਸੇ ਭਾਗ ਬਾਰੇ ਕੋਈ ਚਿਤਾਵਾਂ ਹਨ ਤਾਂ ਤੁਹਾਨੂੰ ਆਪਣੇ ਸਥਾਨਕ ਹਾਊਜ਼ਿੰਗ ਆਫਿਸ ਨਾਲ ਉਸੇ ਸਮੇਂ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਕੰਮ ਤੁਹਾਡੀ ਸਹਾਇਤਾ ਕਰਨਾ ਹੈ।

## ਲੀਡਜ਼ ਸਿਟੀ ਕੌਂਸਲ ਦੇ ਨਵੇਂ ਘਰ ਵਿਚ ਤੁਹਾਡਾ ਸਵਾਗਤ

ਲੀਡਜ਼ ਸਿਟੀ ਕੌਂਸਲ ਟੈਨੈਂਟ ਦੇ ਤੌਰ ਤੇ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹਨ। ਕੌਂਸਲ ਦੇ ਵੀ ਅਧਿਕਾਰ ਅਤੇ ਜ਼ਿੰਮੇਵਾਰੀਆਂ ਹਨ। ਤੁਹਾਡਾ ਨਵਾਂ ਟੈਨੈਂਸੀ ਐਗਰੀਮੈਂਟ ਸਾਰਿਆਂ ਰੂਲਾਂ (ਕਾਇਦੇ–ਕਾਨੂੰਨ) ਦਾ ਵਰਣਨ ਕਰੇਗਾ।

ਸਾਡੇ ਰੂਲ ਇਹ ਗੱਲ ਨਿਸ਼ਚਿਤ ਕਰਨ ਲਈ ਹਨ ਕਿ ਤੁਸੀਂ ਕੌਂਸਲ ਟੈਨੈਂਸੀ ਦੇ ਸਾਰੇ ਲਾਭ ਲੈ ਸਕੋ। ਤੁਹਾਨੂੰ ਅਤੇ ਤੁਹਾਡੀ ਫੈਮਲੀ ਨੂੰ ਸਮਾਜ–ਵਿਰੋਧੀ ਵਿਹਾਰ ਦੀ ਬਿਪਤਾ ਤੋਂ ਬਚਾਉਣ ਲਈ ਅਸੀਂ ਵਚਨਬਧ ਹਾਂ। ਸਾਡਾ ਵਿਸ਼ਵਾਸ ਹੈ ਕਿ ਤੁਸੀਂ ਸਾਡੀ ਸਹਾਇਤਾ ਕਰਨਾ ਚਾਹੋਗੇ।

ਇਸ ਲਈ, ਅਸੀਂ ਸਾਰੇ ਨਵੇਂ ਟੈਨੈਂਟਾਂ ਨੂੰ 12 ਮਹੀਨਿਆਂ ਲਈ ਇਹ ਵਿਖਾਉਣ ਲਈ ਦਿੰਦੇ ਹਾਂ ਕਿ ਉਹ ਟੈਨੈਂਸੀ ਐਗਰੀਮੈਂਟ ਅਨੁਸਾਰ ਚਲਦੇ ਹਨ, ਆਪਣੀਆਂ ਘਰਾਂ ਦਾ ਖਿਆਲ ਰੱਖਦੇ ਹਨ ਅਤੇ ਦੂਜਿਆਂ ਗੁਆਂਢੀਆਂ ਲਈ ਨੁਈਸੈਂਸ (ਉਪੱਦਰ) ਨਹੀਂ ਹਨ। ਇਸ ਟਰਾਇਲ ਪੀਰੀਅਡ ਨੂੰ ਇੰਟਰੋਡਕਟਰੀ ਟੈਨੈਂਸੀ ਪੀਰੀਅਡ ਕਹਿੰਦੇ ਹਨ।

### ਇੰਟਰੋਡਕਟਰੀ ਟੈਨੈਂਸੀ

ਤੁਹਾਡੇ ਲਈ ਨਵੇਂ ਟੈਨੈਂਟ ਦੇ ਤੌਰ ਤੇ ਜ਼ਰੂਰੀ ਹੈ ਕਿ ਆਪਣੇ ਕੌਂਸਲ ਹੋਮ ਵਿਚ ਜਾਣ ਤੋਂ ਪਹਿਲੋਂ ਤੁਸੀਂ ਇੰਟਰੋਡਕਟਰੀ ਟੈਨੈਂਸੀ (ਆਰੰਭਕ ਕਿਰਾਏਦਾਰੀ) ਤੇ ਦਸਤਖਤ ਕਰੋ। ਜੇਕਰ ਇੰਟਰੋਡਕਟਰੀ ਟੈਨੈਂਸੀ ਦੇ ਖਤਮ ਹੋਣ ਤੇ ਕੋਈ ਸਮਸਿਆਵਾਂ ਨਹੀਂ ਹਨ ਤਾਂ ਤੁਸੀਂ ਆਪਣੇ ਆਪ ਸੈਕਿਓਰ ਟੈਨੈਂਟ ਬਣ ਜਾਂਦੇ ਹੋ–ਤੁਹਾਨੂੰ ਲੀਡਜ਼ ਸਿਟੀ ਕੌਂਸਲ ਟੈਨੈਂਸੀ ਦੇ ਸਾਰੇ ਅਧਿਕਾਰ ਦੇ ਦਿਤੇ ਜਾਂਦੇ ਹਨ।

ਅਸੀਂ ਆਸ ਕਰਦੇ ਹਾਂ ਕਿ ਤੁਹਾਡਾ ਇੰਰਟਰੋਡਕਟਰੀ ਟੈਨੈਂਸੀ ਪੀਰੀਅਡ ਸਮਸਿਆ–ਰਹਿਤ ਹੁੰਦਾ ਹੈ ਅਤੇ ਤੁਸੀਂ ਸੈਕਿਉਰ ਟੈਨੈਂਟ ਬਣ ਜਾਂਦੇ ਹੋ। ਜੇਕਰ ਤੁਹਾਡੀਆਂ ਕੋਈ ਸਮਸਿਆਵਾਂ ਹੋਣ ਤਾਂ ਅਸੀਂ ਸਦਾ ਹੀ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਾਂਗੇ। ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਤੁਸੀਂ ਟੈਨੈਂਸੀ ਐਗਰੀਮੈਂਟ ਦੀ ਪਾਲਨਾ ਨਹੀਂ ਕਰਦੇ ਤਾਂ ਕੀ ਹੋ ਸਕਦਾ ਹੈ ਅਤੇ ਇਹ ਲੀਫਲੈੱਟ ਇਸ ਪ੍ਰਣਾਲੀ ਦਾ ਵਿਵਰਣ ਦਿੰਦਾ ਹੈ।

## ਵੱਖ ਵੱਖ ਤਰ੍ਹਾਂ ਦੀਆਂ ਟੈਨੈਂਸੀਆਂ

ਕੌਂਸਲ ਟੈਨੈਂਸੀ ਦੀਆਂ ਦੋ ਕਿਸਮਾਂ ਹਨ:

ਇੰਟਰੋਡਕਟਰੀ

ਸੈਕਿਉਰ

ਤੁਸੀਂ ਇੰਟਰੋਡਕਟਰੀ ਟੈਨੈਂਟ ਦੇ ਤੌਰ ਤੇ ਸ਼ੁਰੂ ਕਰਦੇ ਹੋ। ਇਸ ਦਾ ਇਹ ਮਤਲਬ ਹੈ ਕਿ ਤੁਹਾਡੇ ਸਾਰੇ ਅਧਿਕਾਰ ਸੈਕਿਉਰ ਟੈਨੈਂਟ ਵਾਲੇ ਨਹੀਂ ਹੁੰਦੇ ਅਤੇ ਜੇਕਰ ਤੁਸੀਂ ਟੈਨੈਂਸੀ ਐਗਰੀਮੈਂਟ ਅਨੁਸਾਰ ਨਹੀਂ ਚਲਦੇ ਤਾਂ ਤੁਹਾਨੂੰ ਘਰ ਵਿਚੋਂ ਜਲਦੀ ਅਤੇ ਸੌਖਿਆਂ ਹੀ ਐਵਿੱਕਟ (ਬੇਦਖਲ) ਕੀਤਾ ਜਾ ਸਕਦਾ ਹੈ।



ਅਧਿਕਾਰ

ਸੈਕਿਓਰ ਕੌਂਸਲ ਟੈਨੈਂਟ ਦੇ ਕਾਨੂੰਨੀ ਅਧਿਕਾਰ ਅਤੇ ਜ਼ਿੰਮੇਦਾਰੀਆਂ ਹਨ (ਜਿਵੇਂ ਕਿ ਆਪਣੇ ਘਰਾਂ ਵਿਚ ਸੁਧਾਰ ਕਰਨਾ ਜਾਂ ਕਿਰਾਇਆ ਦੇਣ ਦੀ ਜ਼ਿੰਮੇਦਾਰੀ)। ਪਰ, ਇੰਟਰੋਡਕਟਰੀ ਟੈਨੈਂਟ ਦੇ ਤੌਰ ਤੇ ਕਾਨੂੰਨ ਤੁਹਾਨੂੰ ਇਹ ਅਧਿਕਾਰ ਨਹੀਂ ਦਿੰਦਾ: ਆਪਣੇ ਕੌਂਸਲ ਹੋਮ ਨੂੰ ਖਰੀਦਣ ਦਾ; ਲੋਜਰਜ਼ (ਕਿਰਾਏਦਾਰ) ਰੱਖਣ ਦਾ; ਪ੍ਰਾਪਰਟੀ ਦੇ ਕਿਸੇ ਹਿੱਸੇ ਨੂੰ ਉੱਪ–ਕਿਰਾਏ ਤੇ ਦੇਣ ਦਾ; ਸੁਧਾਰ ਕਰਨ ਦਾ; ਕਿਸੇ ਹੋਰ ਟੈਨੈਂਟ ਨਾਲ ਆਪਣੇ ਘਰ ਦੀ ਅਦਲਾ ਬਦਲੀ ਕਰਨ ਦਾ ਜਾਂ ਕਿਸੇ ਹੋਰ ਲੈਂਡਲਾਰਡ ਦੇ ਨਾਂ ਘਰ ਟ੍ਰਾਂਸਫਰ ਕਰਨ ਦਾ।

ਜੇਕਰ ਅਸੀਂ ਤੁਹਆਨੂੰ ਐਵਿੱਕਟ (ਖਾਲੀ) ਕਰਨ ਦਾ ਫੈਸਲਾ ਕਰਦੇ ਹਾਂ ਤਾਂ ਤੁਹਾਨੂੰ ਐਵਿਕਟ ਕਰਨ ਲਈ ਸਾਨੂੰ ਫਿਰ ਵੀ ਕੋਰਟ ਦੀ ਆਗਿਆ ਲੈਣੀ ਪਏਗੀ ਪਰ ਜੇਕਰ ਅਸੀਂ ਆਪਣੀਆਂ ਪ੍ਰਣਾਲੀਆਂ ਅਨੁਸਾਰ ਠੀਕ ਤਰ੍ਹਾਂ ਚਲੇ ਹੋਈਏ ਤਾਂ ਆਮ ਤੌਰ ਤੇ ਇਹ ਮਿਲ ਜਾਂਦੀ ਹੈ।

ਜਿਹੜਿਆਂ ਕੇਸਾਂ ਵਿਚ ਐਕਸਟੈਂਸ਼ਨ (ਸਮੇਂ ਵਿਚ ਵਾਧਾ ਕਰਨਾ) ਕਰਨੀ ਸ਼ਾਮਿਲ ਹੋਏ ਤਾਂ ਇੰਟਰੋਡਕਟਰੀ ਟੈਨੈਂਸੀ ਨੂੰ 6 ਮਹੀਨੇ ਲਈ ਹੋਰ ਅੱਗੇ ਵਧਾਇਆ ਜਾ ਸਕਦਾ ਹੈ। ਜੇਕਰ ਅਸੀਂ ਤੁਹਾਨੂੰ ਐਵਿੱਕਟ ਕਰਨ ਦਾ ਫੈਸਲਾ ਕਰਦੇ ਹਾਂ ਤਾਂ ਜ਼ਰੂਰੀ ਹੈ ਕਿ ਅਸੀਂ ਕੋਰਟ ਨੂੰ ਕਹੀਏ ਕਿ ਇਹ ਸਾਨੂੰ ਆਗਿਆ ਦੇਵੇ।

### ਸਲਾਹ

ਜੇਕਰ ਸਾਨੂੰ ਇਹੋ ਜਿਹਾ ਐਕਸ਼ਨ ਲੈਣਾ ਪੈਂਦਾ ਹੈ ਤਾਂ ਤੁਸੀਂ ਸਿਟੀਜ਼ੰਜ਼ ਐਡਵਾਈਸ ਬਿਊਰੋ, ਲਾਅ ਸੈਂਟਰ, ਹਾਊਜ਼ਿੰਗ ਐਡਵਾਇਸ ਸੈਂਟਰ ਜਾਂ ਸੋਲਿਸਿਟਰ ਕੋਲੋਂ ਸਲਾਹ ਲੈ ਸਕਦੇ ਹੋ।

## ਸੈਕਿਉਰ ਟੈਨੈਂਟ ਬਣਨਾ

ਜੇਕਰ ਤੁਹਾਡੀ ਇੰਟਰੋਡਕਟਰੀ ਟੈਨੈਂਸੀ ਦੌਰਾਨ ਕੋਈ ਸਮਸਿਆਵਾਂ ਨਹੀਂ ਹਨ ਤਾਂ ਤੁਸੀਂ ਆਪਣੇ ਆਪ ਹੀ ਉਸ ਤਾਰੀਖ ਨੂੰ ਸੈਕਿਉਰ ਟੈਨੈਂਟ ਬਣ ਜਾਂਦੇ ਹੋ ਜਿਹੜੀ ਟੈਨੈਂਸੀ ਐਗਰੀਮੈਂਟ ਦੇ ਸ਼ੁਰੂ ਵਿਚ ਲਿਖੀ ਹੁੰਦੀ ਹੈ। ਜਦੋਂ ਇੰਝ ਹੁੰਦਾ ਹੈ ਤਾਂ ਅਸੀਂ ਤੁਹਾਨੂੰ ਲਿੱਖ ਕੇ ਦੱਸਾਂਗੇ।

## ਐਕਸ਼ਨ ਲੈਣਾ

ਜੇਕਰ ਅਸੀਂ ਕਿਸੇ ਸੇਕਿਉਰ ਟੈਨੈਂਟ ਨੂੰ ਐਵਿੱਕਟ ਕਰਨਾ ਚਾਹੀਏ (ਉਦਾਹਰਣ ਵੱਜੋਂ ਉਹ ਆਪਣੇ ਰੈਂਟ ਦੀ ਅਦਾਇਗੀ ਨਹੀਂ ਕਰ ਰਹੇ ਜਾਂ ਆਪਣੇ ਗੁਆਂਢੀਆਂ ਲਈ ਨੂਈਸੈਂਸ ਹਨ) ਤਾਂ ਸਾਨੂੰ ਉਨ੍ਹਾਂ ਨੂੰ ਆਪਣੀ ਗੱਲ ਕੋਰਟ ਵਿਚ ਦੱਸਣ ਦਾ ਚਾਂਸ (ਅਵਸਰ) ਦੇਣਾ ਪੈਂਦਾ ਹੈ। ਫਿਰ ਇਹ ਜੱਜ ਦੇ ਫੈਸਲੇ ਤੇ ਨਿਰਭਰ ਕਰੇਗਾ ਕਿ ਬੇਦਖਲੀ ਹੋਏਗੀ ਜਾਂ ਨਹੀਂ। ਪਰ ਜੇਕਰ ਅਸੀਂ ਕਿਸੇ ਇੰਟਰੋਡਕਟਰੀ ਟੈਨੈਂਟ ਦੀ ਬੇਦਖਲੀ ਕਰਨੀ ਹੋਏ ਤਾਂ ਅਸੀਂ ਉਹ ਬੜੀ ਜਲਦੀ ਅਤੇ ਸੌਖਿਆਂ ਕਰ ਸਕਦੇ ਹਾਂ।

## ਰੀਵੀਊ (ਸਮੀਖਿਆ)

ਐਵਿੱਕਟ ਕਰਨ ਜਾਂ ਤੁਹਾਡੀ ਇੰਟਰੋਡਕਟਰੀ ਟੈਨੈਂਸੀ ਨੂੰ ਛੇ ਮਹੀਨੇ ਹੋਰ ਅੱਗੇ ਵਧਾਉਣ ਲਈ ਅਸੀਂ ਕੋਰਟ ਜਾਣ ਦਾ ਫੈਂਸਲਾ ਕਰਦੇ ਹਾਂ ਤਾਂ ਅਸੀਂ ਤੁਹਾਨੂੰ ਇਸ ਬਾਰੇ ਲਿੱਖ ਕੇ ਦਿਆਂਗੇ। ਭਾਂਵੇਂ ਇਨ੍ਹਾਂ ਦੋਨਾਂ ਵਿਚੋਂ ਫੈਸਲਾ ਕੋਈ ਵੀ ਹੋਏ ਤੁਸੀਂ ਰੀਵੀਊ ਲਈ ਕਹਿ ਸਕਦੇ ਹੋ, ਪਰ ਜ਼ਰੂਰੀ ਹੈ ਕਿ ਇਸ ਵਾਸ਼ਤੇ 14 ਦਿਨਾਂ ਦੇ ਅੰਦਰ ਕਹੋ। ਤੁਹਾਡੀ ਬੇਨਤੀ ਤੋਂ ਬਾਦ ਕੌਂਸਲ ਦਾ ਸਟਾਫ ਹਾਲਾਤ ਨੂੰ ਮੁੜ ਕੇ ਵੇਖਣਗੇ ਕਿ ਕੀ ਸਭ ਕੁਝ ਠੀਕ ਤਰ੍ਹਾਂ ਕੀਤਾ ਗਿਆ ਹੈ। ਇਸ ਸਟਾਫ ਦੇ ਕਿਸੇ ਵੀ ਬੰਦੇ ਨੇ ਤੁਹਾਡੇ ਕੇਸ ਵਿਚ ਪਹਿਲੋਂ ਭਾਗ ਨਹੀਂ ਲਿਆ ਹੋਏਗਾ।

ਜੇਕਰ ਰੀਵੀਊ ਵਿਚ ਤੁਹਾਨੂੰ ਐਵਿੱਕਟ ਕਰਨ ਵਾਲਾ ਫੈਂਸਲਾ ਜਾਂ ਤੁਹਾਡੀ ਇੰਟਰੋਡਕਟਰੀ ਟੈਨੈਂਸੀ ਨੂੰ ਛੇ ਮਹੀਨੇ ਲਈ ਹੋਰ ਅੱਗੇ ਵਧਾਉਣ ਦਾ ਫੈਂਸਲਾ ਉਸੇ ਤਰ੍ਹਾਂ ਹੀ ਰਹਿੰਦਾ ਹੈ ਤਾਂ ਫਿਰ ਤੁਸੀਂ ਕਿਸੇ ਹੋਰ ਕੋਲ ਅਪੀਲ ਨਹੀਂ ਕਰ ਸਕੋਗੇ। ਜੇਕਰ ਅਸੀਂ ਤੁਹਾਡੀ ਇੰਟਰੋਡਕਟਰੀ ਟੈਨੈਂਸੀ ਨੂੰ ਛੇ ਮਹੀਨੇ ਹੋਰ ਅੱਗੇ ਵਧਾਉਣ ਦਾ ਫੰਸਲਾ ਕਰਦੇ ਹਾਂ ਤਾਂ ਇੰਟਰੋਡਕਟਰੀ ਟੈਨੈਂਸੀ ਵਿਚ ਤੁਹਾਡਾ ਬਿਤਾਉਣ ਵਾਲਾ ਸਮਾਂ ਛੇ ਮਹੀਨੇ ਹੋਰ ਵਧਾ ਦਿਤਾ ਜਾਏਗਾ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਇੰਟਰੋਡਕਟਰੀ ਟੈਨੈਂਟ ਦੇ ਤੌਰ ਤੇ 12 ਮਹੀਨਿਆਂ ਦੀ ਬਜਾਇ 18 ਮਹੀਨੇ ਬਿਤਾਉਗੇ। ਜੇਕਰ ਅਸੀਂ ਆਪਣੀ ਪ੍ਰਣਾਲੀ ਜਾਂ ਰੀਵੀਊ (ਜੇਕਰ ਇਸ ਲਈ ਬੇਨਤੀ ਕੀਤੀ ਗਈ ਸੀ) ਅਨੁਸਾਰ ਚਲਦੇ ਹਾਂ (ਜੇਕਰ ਫੈਂਸਲੇ ਨੂੰ ਅੱਪਹੋਲਡ (ਉਸੇ ਤਰ੍ਹਾਂ ਹੀ ਰੱਖਿਆ ਗਿਆ ਸੀ) ਤਾਂ ਤੁਹਾਡੀ ਟੈਨੈਂਸੀ ਨੂੰ ਆਪਣੇ ਆਪ ਹੀ ਵਧਾ ਦਿਤਾ ਜਾਏਗਾ।

ਭਾਂਵੇਂ ਤੁਹਾਨੂੰ ਇਹ ਚੀਜ਼ਾਂ ਆਪਣੇ ਆਪ ਕਰਨ ਦਾ ਆਪਣੇ ਆਪ ਨੂੰ ਕੋਈ ਵੀ ਕਾਨੂੰਨੀ ਅਧਿਕਾਰ (ਜਿਵੇਂ ਕਿ ਸ਼ੈਕਿਓਰ ਟੈਨੈਂਟ ਨੂੰ ਹੈ) ਨਹੀਂ ਹੈ, ਪਰ ਤੁਸੀ ਆਪਣੇ ਸਥਾਨਕ ਨੇਬਰਹੁੱਡ ਹਾਊਜ਼ਿੰਗ ਆਫਿਸ ਨੂੰ ਲੋਜਰਜ਼ ਰੱਖਣ, ਘਰ ਵਿਚ ਸੁਧਾਰ ਕਰਨ ਜਾਂ ਇਸ ਦੀ ਅਦਲਾ ਬਦਲੀ ਕਰਨ ਲਈ ਐਪਲਾਈ ਕਰ ਸਕਦੇ ਹੋ। ਉਹ ਨੇਬਰਹੁੱਡ ਹਾਊਜ਼ਿੰਗ ਆਫਿਸ ਹੀ ਫੈਸਲਾ ਕਰੇਗਾ ਕਿ ਤੁਸੀਂ ਉਹ ਕੰਮ ਕਰ ਸਕਦੇ ਹੋ ਜਾਂ ਨਹੀਂ

## ਜੇਕਰ ਕੋਈ ਸਮਸਿਆਵਾਂ ਹਨ

ਬਹੁਤ ਸਾਰੇ ਲੋਕ ਇੰਟਰੋਡਕਟਰੀ ਟੈਨੈਂਸੀ ਤੋਂ ਸਹਿਜੇ ਹੀ ਸੈਕਿਓਰ ਟੈਨੈਂਸੀ ਵਿਚ ਚਲੇ ਜਾਣਗੇ। ਪਰ ਜੇਕਰ ਕੋਈ ਬੰਦਾ ਟੈਨੈਂਸੀ ਐਗਰੀਮੈਂਟ ਦੀ ਉਲੰਘਣਾ ਕਰਦਾ ਹੈ ਤਾਂ ਅਸੀਂ ਉਸ ਵਿਰੁੱਧ ਬਹੁਤ ਜਲਦੀ ਕਰਾਂਗੇ। ਅਸੀਂ ਸਦਾ ਹੀ ਪਹਿਲੋਂ ਇਹ ਵੇਖਣ ਲਈ ਛਾਣ–ਬੀਣ ਕਰਾਂਗੇ ਕਿ ਕੀ ਚੀਜ਼ਾਂ ਠੀਕ ਹੋ ਸਕਦੀਆਂ ਹਨ–ਪਰ ਝੇਕਰ ਸਮਸਿਆ ਗੰਭੀਰ ਹੈ  ਜਾਂ ਜੇਕਰ ਟੈਨੈਂਟ ਹੱਲ ਲੱਭਣ ਵਿਚ ਸਾਡੀਆਂ ਕੋਸ਼ਿਸ਼ਾਂ ਨਾਲ ਸਹਿਯੋਗ ਨਹੀਂ ਕਰਦਾ ਤਾਂ ਅਸੀਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਾਂਗੇ। ਫਿਰ ਸਾਡੇ ਕੋਲ ਜਿਹੜੀਆਂ ਆਪਸ਼ੰਜ਼ (ਚੋਣਾਂ) ਹਨ ਉਨ੍ਹਾਂ ਵਿਚ ਇਕ ਤਾਂ ਇਹ ਹੈ ਕਿ ਤੁਹਾਡੀ ਇੰਟਰੋਡਕਟਰੀ ਟੈਨੈਂਸੀ ਨੂੰ ਛੇ ਮਹੀਨੇ ਹੋਰ ਆੱਗੇ ਵਧਾ ਦਿਤਾ ਜਾਏ ਜਾਂ ਦੂਜੀ ਚੋਣ ਇਹ ਹੈ ਕਿ ਤੁਹਾਨੂੰ ਉਸੇ ਸਮੇਂ ਐਵਿੱਕਟ ਕਰਨ ਲਈ ਬੇਨਤੀ ਕਰੀਏ।

ਰੈਂਟ

ਤੁਹਾਡਾ ਟੈਨੈਂਸੀ ਐਗਰੀਮੈਂਟ ਕਹਿੰਦਾ ਹੈ ਕਿ ਤੁਹਾਡੇ ਲਈ ਆਪਣਾ ਕਿਰਾਇਆ ਸਮੇਂ ਸਿਰ ਦੇਣਾ ਜ਼ਰੂਰੀ ਹੈ। ਜੇਕਰ ਤੁਸੀਂ ਇਸ ਨੂੰ ਦੇਣ ਵਿਚ ਚਾਰ ਹਫਤੇ ਪੱਛਨੂੰ ਜਾਂਦੇ ਹੋ ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਕਿ ਕੀ ਤੁਹਾਨੂੰ ਠੀਕ ਬੈਨਿਫਿਟਸ ਮਿਲ ਰਹੇ ਹਨ ਅਤੇ ਤੁਹਾਨੂੰ ਇਹ ਇਕਰਾਰਨਾਮਾ ਕਰਨ ਦਿਆਂਗੇ ਕਿ ਤੁਸੀਂ ਆਪਣੇ ਹਫਤਾਵਾਰੀ ਰੈਂਟ ਤੋਂ ਜ਼ਿਆਦਾ ਪੈਸੇ ਨਿਯਮਿਤ ਰੂਪ ਵਿਚ ਦਿੰਦੇ ਰਿਹਾ ਕਰੋਗੇ।

ਪਰ ਜੇਕਰ ਬਕਾਇਆ (ਦੇਣ ਵਾਲਾ) ਕਿਰਾਇਆ ਅੱਠ ਹਫਤਿਆਂ ਤਕ ਦਾ ਹੋ ਜਾਂਦਾ ਹੈ ਜਾਂ ਕੁਝ ਕੇਸਾਂ ਵਿਚ ਇਸ ਤੋਂ ਵੀ ਪਹਿਲੋਂ ਤਾਂ ਅਸੀਂ ਕਾਨੂੰਨੀ ਕਾਰਵਾਈ ਕਰਾਂਗੇ। ਸਾਡੇ ਕੋਲਆਪਸ਼ੰਜ਼ (ਚੋਣਾਂ) ਹਨ। ਤੁਹਾਡੀ ਇੰਟਰੋਡਕਟਰੀ ਟੈਨੈਂਸੀ ਨੂੰ ਅੱਗੇ ਛੇ ਮਹੀਨੇ ਹੋਰ ਵਧਉਣਾ ਜਾਂ ਕੋਰਟ ਨੂੰ ਐਪਲਾਈ ਕਰਨਾ ਕਿ ਤੁਹਾਨੂੰ ਉਸੇ ਸਮੇਂ ਐਵਿੱਕਟ ਕੀਤਾ ਜਾਏ। ਅਸੀਂ ਸਾਰੇ ਸਬੰਧਤ ਹਾਲਾਤਾਂ ਨੂੰ ਧਿਆਨ ਵਿਚ ਰੱਖ ਕੇ ਫੈਸਲਾ ਕਰਾਂਗੇ ਕਿ ਕਿਹੜੀ ਆਪਸਨ ਚੁਣਨੀ ਹੈ। ਅਸੀਂ ਤੁਹਾਨੂੰ ਆਪਣੇ ਫੈਸਲੇ ਬਾਰੇ ਦਸਾਂਗੇ।



## ਸਮਾਜ–ਵਿਰੋਧੀ ਵਿਹਾਰ

**ਇਹ ਜ਼ਰੂਰੀ ਹੈ ਕਿ ਅਸੀਂ ਤੁਹਾਡੀ ਕਮਿਊਨਿਟੀ ਅਤੇ ਕੌਂਸਲ ਪ੍ਰਾਪਰਟੀ ਦੀ ਰੱਖਿਆ ਕਰੀਏ। ਇਸ ਲਈ ਜੇਕਰ ਕੋਈ ਬੰਦਾ ਸਾਨੂੰ ਦਸਦਾ ਹੈ ਕਿ ਤੁਸੀਂ ਸਮਾਜ ਵਿਰੋਧੀ ਵਿਹਾਰ ਕਰਦੇ ਰਹੇ ਹੋ ਤਾਂ ਅਸੀਂ ਇਸ ਦੀ ਛਾਣ–ਬੀਣ ਪੂਰੀ ਤਰ੍ਹਾਂ ਕਰਾਂਗੇ–ਸਬੂਤ ਇਕੱਠੇ ਕਰਨੇ, ਗਵਾਹਾਂ ਦੀ ਇੰਟਰਵੀਊ ਕਰਨੀ ਅਤੇ ਉਨ੍ਹਾਂ ਨੂੰ ਪੁਲਿਸ ਕੋਲ ਲੈ ਕੇ ਜਾਣਾ। ਜੇਕਰ ਇਹ ਸਮਸਿਆ ਛੋਟੀ ਜਿਹੀ ਹੋਈ ਤਾਂ ਅਸੀਂ ਤੁਹਾਨੂੰ ਆਪਣੇ ਵਿਹਾਰ ਵਿਚ ਤਬਦੀਲੀ ਲਿਆਉਣ ਲਈ ਕਹਾਂਗੇ ਅਤੇ ਹੋ ਸਕਦਾ ਹੈ ਕਿ ਅਸੀਂ ਕੋਈ ਮੀਡੀਏਸ਼ਨ (ਵਿਚੋਲਗੀ) ਐੱਕਸਪਰਟ ਲੈ ਆਈਏ। ਅਸੀਂ ਤੁਹਾਡੀ ਟੈਨੈਂਸੀ ਨੂੰ ਇਹ ਵੇਖਣ ਲਈ ਛੇ ਮਹੀਨੇ ਹੋਰ ਅੱਗੇ ਵਧਾ ਸਕਦੇ ਹਾਂ ਕਿ ਕੀ ਤੁਹਾਡਾ ਵਿਹਾਰ ਸੁਧਰ ਗਿਆ ਹੈ ਜਾਂ ਨਹੀਂ। ਜੇਕਰ ਇਹ ਨਹੀਂ ਸੁਧਰਦਾ ਤਾਂ ਅਸੀਂ ਕੋਰਟ ਨੂੰ ਐਪਲਾਈ ਕਰਾਂਗੇ ਕਿ ਤੁਹਾਨੂੰ ਐੱਵਿਕਟ ਕੀਤਾ ਜਾਏ।**

ਪਰ ਜੇਕਰ ਤੁਸੀਂ ਸਹਿਯੋਗ ਨਹੀਂ ਦਿੰਦੇ ਜਾਂ ਜੇਕਰ ਤੁਹਾਡੇ ਐਕਸ਼ਨ ਬਹੁਤ ਸਮਾਜ–ਵਿਰੋਧੀ (ਜਿਵੇਂ ਕਿ ਹਿੰਸਾ ਜਾਂ ਨਸਲੀ ਪਰੇਸ਼ਾਨੀ) ਹਨ ਤਾਂ ਤੁਹਾਨੂੰ ਉਸੇ ਸਮੇਂ ਐੱਵਿਕਟ ਕਰਨ ਲਈ ਐੱਕਸ਼ਨ ਲਵਾਂਗੇ।

ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਤੁਸੀਂ ਕੇਵਲ ਆਪਣੇ ਵਿਹਾਰ ਲਈ ਹੀ ਜ਼ਿੰਮੇਦਾਰ ਨਹੀਂ ਹੋ...........

ਅਸੀਂ ਤੁਹਾਡੇ ਵਿਰੁੱਧ ਤਾਂ ਹੀ ਐੱਕਸ਼ਨ ਲਵਾਂਗੇ ਜੇਕਰ ਕੋਈ ਤੁਹਾਡੇ ਨਾਲ ਰਹਿਣ ਵਾਲਾ ਜਾਂ ਤੁਹਾਡਾ ਕੋਈ ਵਿਜ਼ਿਟਰ ਮਾੜਾ ਵਿਹਾਰ ਕਰਦਾ ਹੈ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਇਹ ਨੂਈਸੈਂਸ ਕਿਥੇ ਹੁੰਦਾ ਹੈ–ਤੁਹਾਡੇ ਘਰ ਵਿਚ, ਘਰ ਦੇ ਬਾਹਰ ਜਾਂ ਤੁਹਾਡੇ ਇਲਾਕੇ ਵਿਚ।

ਹੋਰ ਹਾਲਾਤ

ਕੁਝ ਹੋਰ ਵੀ ਹਾਲਾਤ ਹਨ ਜਿਨ੍ਹਾਂ ਵਿਚ ਅਸੀਂ ਤੁਹਾਨੂੰ ਐਵਿੱਕਟ ਕਰ ਸਕਦੇ ਹਾਂ। ਇਸ ਵਿਚ ਇੰਟਰੋਡਕਟਰੀ ਟੈਨੈਂਸੀ ਐਗਰੀਮੈਂਟ ਦੀ ਉਲੰਘਣਾ ਵੀ ਸ਼ਾਮਿਲ ਹੈ। ਤੁਹਾਨੂੰ ਆਪਣਾ ਟੈਨੈਂਸੀ ਐਗਰੀਮੈਂਟ (ਕਿਰਾਏਦਾਰੀ ਵਾਲਾ ਇਕਰਾਰਨਾਮਾ) ਚੰਗੀ ਤਰ੍ਹਾਂ ਪੜ੍ਹਨਾ ਚਾਹੀਦਾ ਹੈ ਅਤੇ ਇਸ ਦੀਆਂ ਸ਼ਰਤਾਂ ਅਨੁਸਾਰ ਚਲਨਾ ਨਿਸ਼ਚਿਤ ਕਰੋ।

ਇਹ ਵੀ ਸੰਭਵ ਹੈ ਕਿ, ਬਿਲਡਿੰਗ ਨੂੰ ਵੱਡੀਆਂ ਮੁਰੰਮਤਾਂ ਕਰਨ ਲਈ ਜਾਂ ਇਸ ਨੂੰ ਤੋੜਨ ਲਈ, ਸਾਨੂੰ ਤੁਹਾਨੂੰ ਤੁਹਾਡੇ ਘਰ ਵਿਚੋਂ ਕੱਢਣਾ ਪਏ। ਪਰ ਇਸ ਹਾਲਤ ਵਿਚ ਅਸੀਂ ਤੁਹਾਨੂੰ ਕਿਸੇ ਹੋਰ ਉਚਿਤ ਘਰ ਦੀ ਪੇਸ਼ਕਸ਼ ਕਰਾਂਗੇ।